# ਦਫਤਰ ਨਗਰ ਨਿਗਮ, ਬਠਿੰਡਾ

ਨੇੜੇ ਥਾਣਾ ਕੋਤਵਾਲੀ, ਰੇਲਵੇ ਰੋਡ, ਬਠਿੰਡਾ
ਫੋਨ: 0164-2252812 ਈ.ਮੇਲ: cmcbathinda@gmail.com

ਸਵੱਛ ਭਾਰਤ
एक कदम स्वच्छता की ओर

2026/7081
19/5/2026
ਜਾ/7
Revised

ਨੰ: 159/CC — ਮਿਤੀ: 18/05/2026

ਸੇਵਾ ਵਿਖੇ

1. ਜਿਲ੍ਹਾ ਸਿੱਖਿਆ ਅਫਸਰ (ਸੈ. ਸਿ. / ਐ. ਸਿ.)
2. ਸਮੂਹ ਵਿਭਾਗਾਂ ਦੇ ਮੁਖੀ

ਬਠਿੰਡਾ।

**ਵਿਸ਼ਾ:** ਜਨਗਣਨਾ-2027 ਤਹਿਤ ਡਿਊਟੀ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਨਗਣਨਾ-2027 ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਸਬੰਧੀ ਆਪ ਜੀ ਅਧੀਨ ਸਟਾਫ ਦੀ ਡਿਊਟੀ ਜਨਗਣਨਾ-2027 ਲਈ ਲਗਾਈ ਗਈ ਹੈ। ਸਬੰਧਤ ਕਰਮਚਾਰੀਆਂ ਨੂੰ ਇਸ ਬਾਰੇ ਨਿਜੀ ਤੌਰ 'ਤੇ ਜਾਣੂ ਵੀ ਕਰਵਾ ਦਿੱਤਾ ਗਿਆ ਹੈ। ਇਹਨਾਂ ਕਰਮਚਾਰੀਆਂ ਦੀ ਟ੍ਰੇਨਿੰਗ ਕਰਵਾਈ ਜਾ ਚੁੱਕੀ ਹੈ ਅਤੇ ਜਨਗਣਨਾ-2027 ਦੀ ਕਿੱਟ ਵੀ ਦਿੱਤੀ ਜਾ ਚੁੱਕੀ ਹੈ। ਸਬੰਧਤ ਸਟਾਫ ਮਿਤੀ 15.05.2026 ਤੋਂ 13.06.2026 ਤੱਕ ਜਨਗਣਨਾ-2027 ਤੱਕ ਜਨਗਣਨਾ ਡਿਊਟੀ 'ਤੇ ਤਾਇਨਾਤ ਰਹੇਗਾ। ਇਸ ਲਈ ਸਬੰਧਤ ਕਰਮਚਾਰੀਆਂ ਨੂੰ ਸਕੂਲ ਡਿਊਟੀ ਤੋਂ ਫਾਰਗ ਕਰਕੇ ਸਮੇਂ ਸਿਰ ਜਨਗਣਨਾ-2027 ਦੀ ਡਿਊਟੀ ਲਈ ਭੇਜਣਾ ਯਕੀਨੀ ਬਣਾਇਆ ਜਾਵੇ।

ਜਿਨ੍ਹਾਂ ਸਕੂਲਾਂ ਦੇ ਪੂਰੇ ਸਟਾਫ ਦੀ ਡਿਊਟੀ ਜਨਗਣਨਾ-2027 ਵਿੱਚ ਲੱਗੀ ਹੈ ਉਹਨਾਂ ਸਕੂਲਾਂ ਦੇ ਮੁਖੀਆਂ ਵੱਲੋਂ ਰੋਸਟਰ ਤਿਆਰ ਕਰਕੇ 50% ਸਟਾਫ ਨੂੰ ਰੋਸਟਰ ਵਾਈਜ ਫੀਲਡ ਵਿੱਚ ਰੋਜ਼ਾਨਾ ਭੇਜਿਆ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਰੋਸਟਰ ਸਬੰਧੀ ਨਿਮਨਹਸਤਾਖਰ ਨੂੰ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ। ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਜਨਗਣਨਾ-2027 ਡਿਊਟੀ ਨਾਲ ਸਬੰਧਤ ਸਟਾਫ ਨਾਲ ਪੂਰਨ ਸਹਿਯੋਗ ਕੀਤਾ ਜਾਵੇ।

ਇਸ ਦੇ ਨਾਲ ਹੀ ਸਕੂਲਾਂ ਦੇ ਬੱਚਿਆਂ ਰਾਹੀਂ ਆਪਣੇ ਮਾਪਿਆਂ ਨੂੰ ਵੀ ਜਨਗਣਨਾ ਦੌਰਾਨ ਅਧਿਆਪਕਾਂ ਅਤੇ ਜਨਗਣਨਾ ਡਿਊਟੀ ਸਟਾਫ ਨੂੰ ਪੂਰਨ ਸਹਿਯੋਗ ਦੇਣ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਉਮੀਦ ਹੈ ਕਿ ਆਪ ਜੀ ਇਸ ਰਾਸ਼ਟਰੀ ਪੱਧਰ ਦੇ ਮਹੱਤਵਪੂਰਨ ਕਾਰਜ ਵਿੱਚ ਆਪਣੀ ਵਡਮੁੱਲੀ ਭੂਮਿਕਾ ਨਿਭਾਉਂਦੇ ਹੋਏ ਸਕੂਲਾਂ ਨੂੰ ਜਨਗਣਨਾ ਕਾਰਜ ਲਈ ਪ੍ਰੇਰਿਤ ਕਰੋਗੇ।

ਸਿਟੀ ਸੈਂਸਜ ਅਫਸਰ-ਕਮ-
ਸਹਾਇਕ ਕਮਿਸ਼ਨਰ
ਨਗਰ ਨਿਗਮ ਬਠਿੰਡਾ।

ਮਿਤੀ: ...........

ਪਿਠ ਅੰਕਣ ਨੰ: ..............

ਉਕਤ ਦਾ ਉਤਾਰਾ:

1. ਮਾਣਯੋਗ ਜਿਲ੍ਹਾ ਸੈਂਸਜ ਅਫਸਰ -ਕਮ- ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਮਾਣਯੋਗ ਪ੍ਰਿੰਸੀਪਲ ਸੈਂਸਜ ਅਫਸਰ -ਕਮ- ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
3. ਸੁਪਰਡੰਟ ਸੈਂਸਜ, ਨਗਰ ਨਿਗਮ ਬਠਿੰਡਾ ਨੂੰ ਸੂਚਨਾ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਸਿਟੀ ਸੈਂਸਜ ਅਫਸਰ-ਕਮ-
ਸਹਾਇਕ ਕਮਿਸ਼ਨਰ
ਨਗਰ ਨਿਗਮ ਬਠਿੰਡਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 9089 — ਮਿਤੀ : 19.05.26

ਉਕਤ ਦਾ ਉਤਾਰਾ ਜਿਲ੍ਹਾ ਬਠਿੰਡਾ ਦੇ ਨਗਰ ਨਿਗਮ ਅਧੀਨ ਆਉਂਦੇ ਸਕੂਲ ਮੁਖੀਆਂ ਨੂੰ , ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਸਕੂਲ ਦੇ ਪ੍ਰਬੰਧਾ ਨੂੰ ਧਿਆਨ ਵਿਚ ਰੱਖਦੇ ਹੋਏ ਸਬੰਧਤ ਕਰਮਚਾਰੀ ਨੂੰ ਉਕਤ ਪੱਤਰ ਅਨੁਸਾਰ ਲਗਾਈ ਗਈ [illegible] ਕਰਵਾਈ ਗਈ ਡਿਊਟੀ ਲਈ ਫਾਰਗ ਕੀਤਾ ਜਾਵੇ।

Scanned with OKEN Scanner

19/05/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ